E:\Works\Works Branch\1-12-2009\Works Branchs\Works dated 4-12-2014\Tender notice - 2.doc

# ਦਫਤਰ ਨਗਰ ਨਿਗਮ ਬਠਿੰਡਾ

ਨੰ: 112/Hort                                                                 ਮਿਤੀ 16.11.2021

## ਨਿਲਾਮੀ

ਆਮ ਜਨਤਾ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਬਠਿੰਡਾ ਵੱਲੋਂ ਰੋਜ਼ ਗਾਰਡਨ ਵਿੱਚ ਖੜ੍ਹੇ 54 ਦਰੱਖਤਾਂ ਨੂੰ ਨਿਲਾਮ ਕਰਨਾ ਚਾਹੁੰਦੀ ਹੈ ਜੋ ਕਿ ਮਿਤੀ 25.11.2021 ਨੂੰ ਸਵੇਰੇ 11.00 ਵਜੇ ਨਗਰ ਨਿਗਮ ਬਠਿੰਡਾ ਵਿਖੇ ਖੁੱਲੀ ਬੋਲੀ ਰਾਹੀਂ ਨਿਲਾਮ ਕੀਤੇ ਜਾਣੇ ਹਨ। ਇਸ ਸਬੰਧੀ ਸ਼ਰਤਾਂ ਨਗਰ ਨਿਗਮ ਦੇ ਦਫਤਰ ਅਤੇ ਨਗਰ ਨਿਗਮ ਦੀ ਵੈਬਸਾਈਟ www.mcbathinda.com ਤੇ ਦੇਖੀਆ ਜਾ ਸਕਦੀਆਂ ਹਨ।

ਨਿਗਰਾਨ ਇੰਜੀਨੀਅਰ
ਨਗਰ ਨਿਗਮ, ਬਠਿੰਡਾ

Scanned with CamScanner

# ਨਗਰ ਨਿਗਮ ਬਠਿੰਡਾ

ਨਗਰ ਨਿਗਮ ਬਠਿੰਡਾ ਵੱਲੋਂ ਹੇਠ ਲਿਖੇ ਅਨੁਸਾਰ ਰੋਜ਼ ਗਾਰਡਨ ਵਿਖੇ ਖੜ੍ਹੇ ਦਰੱਖਤਾਂ ਨੂੰ ਖੁੱਲੀ ਬੋਲੀ ਰਾਹੀ ਵੇਚਿਆ ਜਾਣਾ ਹੈ। ਚਾਹਵਾਨ ਵਿਅਕਤੀ ਬੋਲੀ ਵਿੱਚ ਹਿੱਸਾ ਲੈ ਕੇ ਲਾਭ ਉਠਾਉਣ।ਬੋਲੀ ਸਬੰਧੀ ਸ਼ਰਤਾਂ ਨਿਮਨ ਲਿਖਤ ਅਨੁਸਾਰ ਹਨ।

ਬੋਲੀ ਦਾ ਵੇਰਵਾ:-

| ਲੜੀ ਨੰ: | ਬੋਲੀ ਦਾ ਨਾਮ | ਬਿਆਨਾ ਰਕਮ | ਰਿਜਰਵ ਕੀਮਤ |
|---|---|---|---|
| 1. | ਰੋਜ਼ ਗਾਰਡਨ ਵਿਖੇ ਖੜ੍ਹੇ ਦਰੱਖਤਾਂ ਦੀ ਬੋਲੀ ਸਬੰਧੀ | 50000/- ਰੁਪਏ | 178720/- |

<u>ਬੋਲੀ ਸਬੰਧੀ ਬੋਲੀਕਾਰਾਂ ਨੂੰ ਹਦਾਇਤਾਂ:-</u>

1. ਬੋਲੀ ਸਬੰਧੀ ਸ਼ਰਤਾਂ ਨਗਰ ਨਿਗਮ ਦੀ ਵੈਬਸਾਈਟ www.mcbathinda.com ਦੇ ਨਾਲ-ਨਾਲ ਦਫਤਰ ਦੇ ਸਮੇਂ ਦੌਰਾਨ ਕਿਸੇ ਵੀ ਕੰਮ-ਕਾਰ ਵਾਲੇ ਦਿਨ ਨਗਰ ਨਿਗਮ ਬਠਿੰਡਾ ਦੇ ਦਫਤਰ ਵਿਖੇ ਦੇਖੀਆ ਜਾ ਸਕਦੀਆ ਹਨ।
2. ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਚਾਹਵਾਨ ਬੋਲੀਕਾਰ ਨਿਰਧਾਰਤ ਬਿਆਨਾ ਰਕਮ ਜਮ੍ਹਾ ਕਰੇਗਾ।
3. ਸਫਲ ਬੋਲੀਕਾਰ ਨੂੰ ਛੱਡਕੇ, ਬੋਲੀ ਪ੍ਰਵਾਨ ਹੋਣ ਤੋਂ ਬਾਅਦ ਬਾਕੀ ਬੋਲੀਕਾਰਾਂ ਦੀ ਬਿਆਨਾ ਰਕਮ ਰਿਫੰਡ ਕੀਤੀ ਜਾਵੇਗੀ।
4. ਬੋਲੀ ਲਈ ਘੱਟੋਂ ਘੱਟ ਤਿੰਨ ਬੋਲੀਕਾਰਾਂ ਦਾ ਹੋਣਾ ਜਰੂਰੀ ਹੈ। ਨਗਰ ਨਿਗਮ ਵੱਲੋਂ ਸਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਨੂੰ ਹੀ ਦਰੱਖਤ ਵੇਚੇ ਜਾਣਗੇ ਅਤੇ ਕਬਜਾ ਨਗਰ ਨਿਗਮ ਵੱਲੋਂ ਬੋਲੀ ਦੀ ਪ੍ਰਵਾਨਗੀ ਹੋਣ ਤੋਂ ਬਾਅਦ ਦਿੱਤਾ ਜਾਵੇਗਾ।
5. ਬੋਲੀ ਦੀ ਪ੍ਰਵਾਨਗੀ ਤੋਂ ਬਾਅਦ ਬੋਲੀਕਾਰ 10 ਦਿਨਾਂ ਦੇ ਅੰਡਰ-2 ਦਰੱਖਤ ਕਟਵਾਉਣ ਅਤੇ ਚੁੱਕਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਗਰ ਨਿਗਮ ਨੂੰ ਬੋਲੀਕਾਰ ਦੀ ਸਕਿਉਰਟੀ/ਬਿਆਨਾ ਰਕਮ ਜਬਤ ਕਰਨ ਦਾ ਅਧਿਕਾਰ ਹੋਵੇਗਾ।
6. ਸਫਲ ਬੋਲੀਕਾਰ ਵੱਲੋਂ ਬੋਲੀ ਦੀ ਰਕਮ ਦਾ 1/4 ਹਿੱਸਾ ਮੌਕੇ ਤੇ ਜਮ੍ਹਾ ਕਰਾਉਣਾ ਹੋਵੇਗਾ। ਬਿਆਨੇ ਵਜੋਂ ਜਮ੍ਹਾ ਕਰਵਾਈ ਗਈ ਰਕਮ ਇਸ ਵਿੱਚ ਸ਼ਾਮਿਲ ਕੀਤੀ ਜਾਵੇਗੀ। ਬੋਲੀ ਪ੍ਰਵਾਨ ਨਾ ਹੋਣ ਦੀ ਸੂਰਤ ਵਿੱਚ ਬੋਲੀਕਾਰ ਨੂੰ ਜਮ੍ਹਾ ਕਰਵਾਈ ਗਈ ਰਕਮ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
7. ਬੋਲੀਕਾਰ ਵੱਲੋਂ ਬਾਕੀ ਰਹਿੰਦੀ ਰਕਮ ਦਰੱਖਤ ਚੁੱਕਣ ਤੋਂ ਪਹਿਲਾਂ ਜਮ੍ਹਾ ਕਰਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਲੀਕਾਰ ਨੂੰ ਦਰੱਖਤਾਂ ਦਾ ਕਬਜਾ ਨਹੀਂ ਦਿੱਤਾ ਜਾਵੇਗਾ।
8. ਬੋਲੀ ਦੀ ਪ੍ਰਵਾਨਗੀ ਉਪਰੰਤ ਦਰੱਖਤ ਨਾ ਕੱਟਣ ਅਤੇ ਨਾ ਚੁੱਕਣ ਦੀ ਸੂਰਤ ਵਿੱਚ ਬੋਲੀਕਾਰ ਵੱਲੋਂ ਜਮ੍ਹਾ ਕਰਵਾਈ ਗਈ ਸਕਿਉਰਟੀ/ਬਿਆਨਾ ਰਕਮ ਜਬਤ ਕਰਕੇ ਮੁੜ ਤੋਂ ਬੋਲੀ ਕਰਵਾਉਣ ਦਾ ਨਗਰ ਨਿਗਮ ਨੂੰ ਅਧਿਕਾਰ ਹੋਵੇਗਾ।
9. ਦਰੱਖਤ ਜਿਸ ਹਾਲਤ ਵਿੱਚ ਹਨ, ਉਸੇ ਹਾਲਤ ਵਿੱਚ ਹੀ ਦਿੱਤੇ ਜਾਣਗੇ। ਦਰੱਖਤਾਂ ਨੂੰ ਕੱਟਣ ਅਤੇ ਚੁੱਕਣ ਸਮੇਂ ਹੋਣ ਵਾਲਾ ਹਰ ਕਿਸਮ ਦਾ ਖਰਚਾ ਬੋਲੀਕਾਰ ਵੱਲੋਂ ਕੀਤਾ ਜਾਵੇਗਾ।
10. ਦਰੱਖਤ ਕੱਟਣ ਸਮੇਂ ਬਿਜਲੀ ਬੰਦ ਕਰਵਾਉਣ ਜਿੰਮੇਵਾਰੀ ਬੋਲੀਕਾਰ ਦੀ ਹੋਵੇਗੀ ਅਤੇ ਕਿਸੇ ਕਿਸਮ ਦੀ ਘਟਨਾ ਵਾਪਰਨ ਦੀ ਜਿੰਮੇਵਾਰੀ ਬੋਲੀਕਾਰ ਦੀ ਹੋਵੇਗੀ।
11. ਬੋਲੀ ਪ੍ਰਵਾਨ ਕਰਨ ਜਾਂ ਬੋਲੀ ਰੱਦ ਕਰਨ ਦੇ ਅਧਿਕਾਰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਪਾਸ ਰਾਖਵੇਂ ਹਨ।

ਨਿਗਰਾਨ ਇੰਜੀਨੀਅਰ,
ਨਗਰ ਨਿਗਮ, ਬਠਿੰਡਾ

Scanned with CamScanner